# Dispute Resolution Program Update

***Port Metro Vancouver is committed to implementing operational efficiencies, reducing truck turnaround times and enforcing the Truck Licensing Agreement.***

The current joint Dispute Resolution Process provides non-union owner operators with a process to resolve claims with their employer.

The CAW has a responsibility to resolve rate undercutting issues within their membership.

- 83% of the container drayage sector is covered by collective agreements or other laws.
- 17% of the container drayage sector is comprised of non-union owner operators.

Port Metro Vancouver is committed to ensuring due process is met before it makes a decision based on a recommendation received from the provincial Appointee.

The Province of BC conducts investigations on the contractual authority provided by Port Metro Vancouver's TLS licence agreement with trucking companies.

The Province acts as Port Metro Vancouver's appointee and has no authority to directly sanction licensees.

The Port considers each recommendation individually on its merits, weighing all relevant factors and acknowledging the often serious economic impact that sanctions can have on a trucking company and its employees.

Since April 2009, Port Metro Vancouver has processed **40** recommendations for sanctions resulting in **5** warnings (4 rate infractions), **16** suspensions (12 rate infractions) and **19** cancellations (3 rate infractions), with a further **8** audits in process.

An investigation and audit may be undertaken randomly, periodically or as a result of a complaint.

This investigation and dispute resolution process is intended to be fair and effective for all parties involved.

In compliance with Port Metro Vancouver's TLS provisions, license and permit holders involved in disruption of Port business on Port property will have their licences and permits cancelled and their access to Port property terminated.

**Complaints regarding dispute resolution can be made by telephone or e-mail to:**

Complaint phone line: 604-775-1155
Email address: **Container.Truck.Disputes@gov.bc.ca**

*Distributed by: Port Metro Vancouver*
*Date: June 25, 2010*

PORT METRO vancouver

**ਝਗੜਿਆਂ ਦਾ ਹੱਲ ਦੇ ਪ੍ਰੋਗਰਾਮ ਬਾਰੇ ਨਵੀਂ ਜਾਣਕਾਰੀ**

***ਪੋਰਟ ਮੈਟਰੋ ਵੈਨਕੂਵਰ, ਕੰਮ ਕਾਜੀ ਨਿਪੁੰਨਤਾ ਨੂੰ ਲਾਗੂ ਕਰਨ, ਟਰੱਕਾਂ ਦੇ ਵਾਪਸ ਜਾਣ ਦੇ ਸਮੇਂ ਨੂੰ ਘਟਾਉਣ ਅਤੇ ਟਰੱਕ ਲਾਇਸੰਸਿੰਗ ਐਗਰੀਮੈਂਟ ਨੂੰ ਲਾਗੂ ਕਰਨ ਲਈ ਵਚਨਬੱਧ ਹੈ।***

ਝਗੜਿਆਂ ਦੇ ਹੱਲ ਕਰਨ ਦਾ ਮੌਜੂਦਾ ਸਾਂਝਾ ਕਾਰਜ, ਨੌਨ-ਯੂਨੀਅਨ ਵਾਲੇ ਓਨਰ ਓਪਰੇਟਰਾਂ ਨੂੰ ਆਪਣੇ ਇਮਪਲੌਏਅਰ (ਕੰਮ-ਮਾਲਕ) ਨਾਲ ਕਲੇਮਾਂ ਦੇ ਹੱਲ ਕਰਨ ਦੀ ਕਾਰਜ ਵਿਧੀ ਪ੍ਰਦਾਨ ਕਰਦਾ ਹੈ।

ਆਪਣੀ ਮੈਂਬਰਸ਼ਿਪ ਵਿਚ ਰੇਟ ਘਟਾਉਣ ਦੇ ਮਸਲਿਆਂ ਦਾ ਹੱਲ ਕਰਨ ਦੀ ਜ਼ਿੰਮੇਵਾਰੀ ਸੀ ਏ ਡਬਲਯੂ ਦੀ ਹੈ।

- ਕਨਟੇਨਰ ਲਿਜਾਣ ਦੇ ਸੈਕਟਰ ਦਾ 83% ਹਿੱਸਾ ਸਾਂਝੇ ਐਗਰੀਮੈਂਟਾਂ ਜਾਂ ਹੋਰ ਕਾਨੂੰਨਾਂ ਹੇਠ ਕਵਰ ਹੈ।
- ਕਨਟੇਨਰ ਲਿਜਾਣ ਦੇ ਸੈਕਟਰ ਦਾ 17% ਹਿੱਸਾ ਨੌਨ-ਯੂਨੀਅਨ ਵਾਲੇ ਓਨਰ ਓਪਰੇਟਰਾਂ ਦਾ ਹੈ।

ਪੋਰਟ ਮੈਟਰੋ ਵੈਨਕੂਵਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਸੂਬੇ ਵਲੋਂ ਨਿਯੁਕਤ ਵਿਅਕਤੀ ਤੋਂ ਮਿਲੀ ਕਿਸੇ ਸਿਫਾਰਸ਼ ਦੇ ਆਧਾਰ 'ਤੇ ਆਪਣਾ ਫੈਸਲਾ ਕਰਨ ਤੋਂ ਪਹਿਲਾਂ ਉਹ ਵਾਜਬ ਕਾਰਵਾਈ ਕਰੇਗੀ।

ਪੋਰਟ ਮੈਟਰੋ ਵੈਨਕੂਵਰ ਦੇ ਟੀ ਐੱਲ ਐੱਸ ਲਾਇਸੰਸ ਐਗਰੀਮੈਂਟ ਅਧੀਨ ਟਰੱਕਾਂ ਦੀਆਂ ਕੰਪਨੀਆਂ ਨਾਲ ਕੀਤੇ ਇਕਰਾਰਨਾਮੇ ਦੇ ਅਧਿਕਾਰ (ਕੌਨਟਰੈਕਚੂਅਲ ਅਥਾਰਟੀ) ਬਾਰੇ ਪੜਤਾਲਾਂ ਬੀ ਸੀ ਸੂਬਾ ਕਰਦਾ ਹੈ।

ਸੂਬਾ ਪੋਰਟ ਮੈਟਰੋ ਵੈਨਕੂਵਰ ਵੱਲੋਂ ਨਿਯੁਕਤ ਕੀਤੀ ਧਿਰ (ਅਪੌਂਇੰਟੀ) ਵਜੋਂ ਕੰਮ ਕਰਦਾ ਹੈ ਅਤੇ ਉਸ ਕੋਲ ਸਿੱਧੇ ਤੌਰ 'ਤੇ ਲਾਇਸੰਸਦਾਰਾਂ ਨੂੰ ਦੰਡ ਦੇਣ ਦਾ ਹੱਕ ਨਹੀਂ ਹੈ।

ਪੋਰਟ ਹਰ ਸਿਫਾਰਸ਼ ਉੱਤੇ ਇਕੱਲਿਆ ਵਿਚਾਰ ਕਰਦਿਆਂ ਉਸ ਦੇ ਸਾਰੇ ਢੁਕਵੇਂ ਪੱਖਾਂ ਦੀ ਤੁਲਨਾ ਕਰਦੀ ਹੈ ਅਤੇ ਉਸ ਗੰਭੀਰ ਆਰਥਿਕ ਅਸਰ ਨੂੰ ਵਿਚਾਰਦੀ ਹੈ ਜਿਹੜਾ ਆਰਥਿਕ ਅਸਰ, ਦੰਡ (ਸੈਂਕਸ਼ਨਜ਼) ਕਿਸੇ ਟਰੱਕਿੰਗ ਕੰਪਨੀ ਅਤੇ ਉਸ ਦੇ ਮੁਲਾਜ਼ਮਾਂ ਉੱਪਰ ਪਾ ਸਕਦੇ ਹਨ।

ਅਪਰੈਲ 2009 ਤੋਂ ਲੈ ਕੇ, ਪੋਰਟ ਮੈਟਰੋ ਵੈਨਕੂਵਰ ਨੇ ਦੰਡ ਲਈ **40** ਸਿਫਾਰਸ਼ਾਂ 'ਤੇ ਕਾਰਵਾਈ ਕੀਤੀ ਹੈ ਅਤੇ ਨਤੀਜੇ ਵਜੋਂ **5** ਵਾਰਨਿੰਗਾਂ (ਰੇਟਾਂ ਦੀਆਂ 4 ਉਲੰਘਣਾਵਾਂ), **16** ਸਸਪੈਂਸ਼ਨਾਂ (ਰੇਟਾਂ ਦੀਆਂ 12 ਉਲੰਘਣਾਵਾਂ) ਅਤੇ **19** ਮਨਸੂਖੀਆਂ (ਰੇਟਾਂ ਦੀਆਂ 3 ਉਲੰਘਣਾਵਾਂ) ਹੋਈਆਂ ਹਨ ਅਤੇ ਹੋਰ **8** ਦਾ ਲੇਖਾ-ਜੋਖਾ (ਆਡਿਟ) ਹੋ ਰਿਹਾ ਹੈ।

ਪੜਤਾਲ ਅਤੇ ਲੇਖਾ-ਜੋਖਾ ਮਿੱਥੇ-ਬਿਨਾਂ (ਰੈਂਡਮਲੀ) ਹੋ ਸਕਦੇ ਹਨ, ਨਿਯਤ ਸਮਿਆਂ 'ਤੇ ਹੋ ਸਕਦੇ ਹਨ ਜਾਂ ਕਿਸੇ ਸ਼ਿਕਾਇਤ ਦੇ ਨਤੀਜੇ ਵਜੋਂ ਹੋ ਸਕਦੇ ਹਨ।

ਇਸ ਪੜਤਾਲ ਅਤੇ ਝਗੜਿਆਂ ਦੇ ਹੱਲ ਦੇ ਕਾਰਜ ਦਾ ਮੰਤਵ, ਸਾਰੀਆਂ ਸ਼ਾਮਲ ਧਿਰਾਂ ਲਈ ਵਾਜਬ ਅਤੇ ਅਸਰਦਾਰ ਹੋਣਾ ਹੈ।

ਪੋਰਟ ਮੈਟਰੋ ਵੈਨਕੂਵਰ ਦੀਆਂ ਟੀ ਐੱਲ ਐੱਸ ਸ਼ਰਤਾਂ ਦੀ ਪਾਲਣਾ ਵਜੋਂ, ਪੋਰਟ ਦੀ ਪ੍ਰਾਪਰਟੀ 'ਤੇ ਪੋਰਟ ਦੇ ਕਾਰੋਬਾਰ ਵਿਚ ਵਿਘਨ ਪਾਉਣ ਵਾਲਿਆਂ ਦੇ ਲਾਇਸੰਸ ਅਤੇ ਪਰਮਿਟ ਕੈਂਸਲ ਕਰ ਦਿੱਤੇ ਜਾਣਗੇ ਅਤੇ ਪੋਰਟ ਦੀ ਪ੍ਰਾਪਰਟੀ ਤੱਕ ਉਨ੍ਹਾਂ ਦੀ ਪਹੁੰਚ ਖਤਮ ਕਰ ਦਿੱਤੀ ਜਾਵੇਗੀ।

**ਝਗੜਿਆਂ ਦੇ ਹੱਲ ਦੇ ਸਬੰਧ ਵਿਚ ਸ਼ਿਕਾਇਤਾਂ ਟੈਲੀਫੋਨ ਰਾਹੀਂ ਜਾਂ ਈਮੇਲ 'ਤੇ ਇਸ ਤਰ੍ਹਾਂ ਕੀਤੀਆਂ ਜਾ ਸਕਦੀਆਂ ਹਨ:**

ਸ਼ਿਕਾਇਤ ਲਈ ਫੋਨ ਲਾਈਨ: 604-775-1155
ਈਮੇਲ ਐਡੈਰੈਸ: **Container.Truck.Disputes@gov.bc.ca**

*ਵੰਡਣ ਵਾਲੇ: ਪੋਰਟ ਮੈਟਰੋ ਵੈਨਕੂਵਰ*
*ਤਾਰੀਕ: 25 ਜੂਨ, 2010*